ਅਗਸਤ 30, 2016

ਭਾਰਤੀ ਰਿਜ਼ਰਵ ਬੈਂਕ ਦਾ ਅੰਤਰ ਬੈਂਕ ਹਿੰਦੀ ਲੇਖ ਮੁਕਾਬਲਾ - 2016-17

ਬੈਂਕਿੰਗ ਦੇ ਵਿਸ਼ੇਆਂ ਉੱਤੇ ਹਿੰਦੀ ਭਾਸ਼ਾ ਦੀ ਮੂਲ ਰੂਪ ਦੀ ਲਿਖਾਈ ਦੇ ਉਦੇਸ਼ ਨਾਲ ਭਾਰਤੀ ਰਿਜ਼ਰਵ ਬੈਂਕ ਹਰ ਸਾਲ ਇੱਕ ਅੰਤਰ ਬੈਂਕ ਹਿੰਦੀ ਲੇਖ ਮੁਕਾਬਲੇ ਦਾ ਪ੍ਰਬੰਧ ਕਰਦਾ ਹੈ।

ਸਾਰੇ ਅਫਸਰ ਅਤੇ ਸਟਾੱਫ ਮੈਂਬਰ (ਰਾਜਭਾਸ਼ਾ ਅਫਸਰਾਂ ਅਤੇ ਅਨੁਵਾਦਕਾਂ ਤੋਂ ਅਲਾਵਾ) ਇਸ ਮੁਕਾਬਲੇ ਵਿੱਚ ਭਾਗ ਲੈ ਸਕਦੇ ਹਨ। 2016-17 ਵਿੱਚ ਹੋਣ ਵਾਲੇ ਮੁਕਾਬਲੇ ਲਈ ਚੁਣੇ ਗਏ ਤਿੰਨ ਵਿਸ਼ੇ ਹੇਠਾਂ ਦਿੱਤੇ ਅਨੁਸਾਰ ਹਨ:

| | |
|---|---|
| 1 | ਬੈਂਕਿੰਗ ਦੇ ਖੇਤਰ ਵਿੱਚ ਗਲੋਬਲ ਚੁਣੌਤੀਆਂ ਅਤੇ ਭਾਰਤ ਵਿੱਚ ਬੈਂਕਾਂ ਦਾ ਸਮੇਕਣ/ ਸ਼ਮੂਲੀਅਤ |
| 2 | ਬੈਂਕਿੰਗ ਦੇ ਖੇਤਰ ਵਿੱਚ ਸਾਇਬਰ ਕ੍ਰਾਈਮ ਦੇ ਵਧਦੇ ਕਦਮ ਅਤੇ ਰੋਕਥਾਮ ਦੇ ਉਪਾਅ |
| 3 | ਮੇਕ ਇਨ ਇੰਡੀਆ ਬਨਾਮ ਮੇਕ ਫਾਰ ਇੰਡੀਆ |

ਭਾਗੀਦਾਰ ਆਪਣਾ ਲੇਖ ਦਿੱਤੇ ਹੋਏ ਵਿਸ਼ੇਆਂ ਵਿਚੋਂ ਕਿਸੇ ਇੱਕ ਵਿਸ਼ੇ ਉੱਤੇ ਲਿਖ ਕੇ ਭੇਜ ਸਕਦੇ ਹਨ । ਇਸ ਨੂੰ ਭੇਜਣ ਦੀ ਆਖਰੀ ਤਰੀਖ 30 ਨਵੰਬਰ 2016 (ਬੁਧਵਾਰ) ਹੈ।

ਮੁਕਾਬਲੇ ਦੇ ਨਿਯਮ ਅਨੁਬੰਧ 'ਕ' ਵਿੱਚ ਦਿੱਤੇ ਗਏ ਹਨ, ਜਦਕਿ ਭਾਗ ਲੈਣ ਵਾਲੇ ਅਫਸਰਾਂ/ ਕਰਮਚਾਰੀਆਂ ਵਲੋਂ ਦਿੱਤੇ ਜਾਨ ਵਾਲੇ ਪ੍ਰਮਾਣ ਪੱਤਰ ਦਾ ਨਮੂਨਾ ਅਨੁਬੰਧ 'ਖ਼' ਵਿੱਚ ਦਿੱਤਾ ਗਿਆ ਹੈ। ਸਾਰੇ ਪਬਲਿਕ ਸੈਕਟਰ ਬੈਂਕਾਂ (ਰੀਜਨਲ ਰੂਰਲ ਬੈਂਕਾਂ ਨੂੰ ਮਿਲਾ ਕੇ) ਅਤੇ ਫ਼ਾਇਨੈਂਸ਼ਿਯਲ ਇਨਸਟੀਟੂਸ਼ਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪਰਿਪੱਤਰ ਦੇ ਵਿਸ਼ੇ ਆਪਣੇ ਦਫਤਰਾਂ ਦੇ ਨਾਲ਼ ਜੁੜੇ ਹੋਏ ਸਾਰੇ ਸਟਾੱਫ ਮੈਂਬਰਾਂ ਦੇ ਧਿਆਨ ਵਿੱਚ ਲੈ ਕੇ ਆਣ ਦੀ ਕ੍ਰਿਪਾਲਤਾ ਕਰਨ। ਇਸ ਦੇ ਵਧੇਰੇ ਪ੍ਰਚਾਰ ਲਈ ਉਨ੍ਹਾਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਮੁਕਾਬਲੇ ਦੇ ਬਾਰੇ ਸੂਚਨਾ ਆਪਣੀ ਸੰਸਥਾ ਦੇ ਘਰੇਲੂ ਪਤ੍ਰਿਕਾਵਾਂ/ ਹਿੰਦੀ ਮੈਗਜ਼ੀਨਾਂ ਵਿੱਚ ਪਬਲਿਸ਼ ਕਰਨ ਅਤੇ ਆਪਣੀਆਂ ਵੈਬਸਾਈਟਾਂ ਤੇ ਵੀ ਉਪਲਬਧ ਕਰਾਨ ਦੀ ਕ੍ਰਿਪਾਲਤਾ ਕਰਨ।

ਅਜੀਤ ਪ੍ਰਸਾਦ

ਪ੍ਰੈਸ ਪਰਕਾਸ਼ਣੀ: 2016-2017/540

ਸਹਾਯਕ ਸਲਾਹਕਾਰ

ਅਨੁਬੰਧ 'ਕ'

<u>ਭਾਰਤੀ ਰਿਜ਼ਰਵ ਬੈਂਕ ਦਾ ਅੰਤਰ ਬੈਂਕ ਹਿੰਦੀ ਲੇਖ ਮੁਕਾਬਲਾ –ਨਿਯਮ</u>

1. ਇਹ ਮੁਕਾਬਲਾ ਸਰਕਾਰੀ ਖੇਤਰ ਦੇ ਬੈਂਕਾਂ (ਉਹਨਾਂ ਵਲੋਂ ਪ੍ਰਯੋਜਿਤ ਖੇਤਰੀ ਰੂਰਲ ਬੈਂਕਾਂ ਸਮੇਤ), ਸਰਕਾਰੀ ਵਿੱਤੀ ਸੰਸਥਾਵਾਂ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਸਾਰੇ ਸੇਵਾਰਤ ਕਰਮਚਾਰੀਆਂ/ ਅਫਸਰਾਂ ਦੇ ਲਈ ਹੈ। <u>ਇਸ ਵਿੱਚ ਰਾਜਭਾਸ਼ਾ ਅਫਸਰ/ਅਨੁਵਾਦਕ ਭਾਗ ਨਹੀਂ ਲੈ ਸਕਦੇ।</u>

2. ਲੇਖ ਦੇ ਲਈ ਸ਼ਬਦਾਂ ਦੀ ਸੀਮਾ ਲਗਭਗ <u>3000-4000</u> ਤੱਕ ਰੱਖੀ ਗਈ ਹੈ। ਸ਼ਬਦਾਂ ਦੀ ਸੀਮਾ ਦਾ ਸਖ਼ਤਾਈ ਦੇ ਨਾਲ ਪਾਲਣ ਕੀਤਾ ਜਾਵੇਗਾ ਅਤੇ ਉਕਤ ਸੀਮਾ ਦੀ ਉਲੰਘਣਾ ਕਰਨ ਵਾਲੇ ਭਾਗੀਦਾਰ ਨੂੰ ਲੇਖ ਮੁਕਾਬਲੇ ਲਈ ਅਯੋਗ ਮੰਨਿਆ ਜਾਵੇਗਾ।
3. ਲੇਖ ਹਿੰਦੀ ਵਿੱਚ ਕੁਆਟਰੋ ਸਾਇਜ਼ (ਏ4) ਕਾਗਜ਼ ਉੱਤੇ ਇੱਕ ਪਾਸੇ ਟਾਇਪ ਕਿੱਤਾ ਹੋਣਾ ਚਾਹੀਦਾ ਹੈ। ਹਥੀਂ ਲਿਖੇ ਹੋਏ ਲੇਖ ਵੀ ਸ੍ਵੀਕ੍ਰਿਤ ਕੀਤੇ ਜਾਣਗੇ, ਬਸ਼ਰਤੇ ਓਹ ਸਾਫ-ਸਾਫ ਲਿਖੇ ਗਏ ਹੋਣ ਅਤੇ ਅਸਾਨੀ ਨਾਲ ਪੜ੍ਹੇ ਜਾਂ ਸਕਦੇ ਹੋਣ।
4. ਲੇਖ ਮਾਤ੍ਰਭਾਸ਼ਾ ਦੇ ਅਨੁਸਾਰ (i) ਹਿੰਦੀ ਭਾਸ਼ੀਆਂ (ii) ਮਰਾਠੀ, ਪੰਜਾਬੀ ਅਤੇ ਗੁਜਰਾਤੀ ਭਾਸ਼ੀਆਂ ਅਤੇ (iii) ਉਕਤ (i) ਅਤੇ (ii) ਨੂੰ ਛੱਡ ਕੇ ਬਾਕੀ ਗੈਰ ਹਿੰਦੀ ਭਾਸ਼ਾ-ਭਾਸ਼ੀਆਂ ਦੇ ਲਈ ਵੱਖ-ਵੱਖ ਆਯੋਜਿਤ ਕੀਤੀ ਜਾਵੇਗੀ। <u>ਭਾਗੀਦਾਰ ਦਿੱਤੇ ਹੋਏ ਤਿੰਨ ਵਿਸ਼ੇਆਂ ਵਿਚੋਂ ਆਪਣੀ ਪਸੰਦ ਦੇ ਕਿਸੀ ਇੱਕ ਵਿਸ਼ੇ ਉੱਤੇ ਲੇਖ ਭੇਜ ਸਕਦੇ ਹਨ।</u> ਹਰੇਕ ਵਰਗ ਵਿੱਚ ਪਹਿਲਾ, ਦੂਜਾ ਅਤੇ ਤੀਜਾ ਇਨਾਮ ਦਿੱਤੇ ਜਾਣਗੇ।
5. ਕਿਰਪਾ ਕਰਕੇ ਨੋਟ ਕਰੋ ਕਿ ਸਿਰਫ ਹਿੰਦੀ ਵਿੱਚ ਲਿਖੇ ਗਏ ਲੇਖ ਹੀ ਸ੍ਵੀਕ੍ਰਿਤ ਕੀਤੇ ਜਾਣਗੇ।
6. ਪਹਲੇ ਇਨਾਮ ਦੀ ਰਾਸ਼ੀ 11,000/- ਰੁਪਏ, ਦੂਜੇ ਇਨਾਮ ਦੀ ਰਾਸ਼ੀ 7000/- ਰੁਪਏ ਅਤੇ ਤੀਜੇ ਇਨਾਮ ਦੀ ਰਾਸ਼ੀ 5000/- ਰੁਪਏ ਹੈ।
7. ਮੁਕਾਬਲੇ ਦੇ ਨਤੀਜੇ ਦੀ ਸੂਚਨਾ ਬੈਂਕਾਂ ਦੇ ਪ੍ਰਧਾਨ ਦਫਤਰਾਂ ਨੂੰ ਹੀ ਦਿੱਤੀ ਜਾਵੇਗੀ ਅਤੇ ਓਹ ਹੀ ਆਪਣੇ ਸਾਰੇ ਸਟਾੱਫ ਮੈਂਬਰਾਂ ਨੂੰ ਨਤੀਜਿਆਂ ਤੋਂ ਵਾਕੀਫ਼ ਕਰਾਨਗੇ।
8. ਹਰੇਕ ਸਹਭਾਗੀ ਨੂੰ ਸੰਲਗਨ ਫਾਰਮ ਦੇ ਮੁਤਾਬਕ ਆਪਣੇ ਸੰਬੰਧਤ ਬੈਂਕ ਦੇ ਵਜੋਂ ਆਪਣੀ ਮਾਤ੍ਰਭਾਸ਼ਾ ਸੂਚਿਤ ਕਰਦੇ ਹੋਏ ਇਹ ਪ੍ਰਮਾਣ ਪੱਤਰ ਦੇਣਾ ਹੋਵੇਗਾ ਕਿ ਓਹਨਾਦਾ ਲੇਖ ਬੁਨਿਆਦੀ ਹੈ ਅਤੇ ਓਹਨਾਂਨੇ ਓਸਨੂੰ ਹੋਰ ਪੁਰਸਕਾਰਾਂ ਜਾਂ ਪਬਲਿਸ਼ਿੰਗ ਲਈ ਨਹੀਂ ਭੇਜਿਆ ਹੈ।
9. ਭਾਗੀਦਾਰ ਪਾਸੋਂ <u>ਲੇਖ ਦੇ ਉੱਤੇ ਕਿਤੇ ਵੀ ਨਾਂ, ਪਤਾ ਆਦਿ ਨਹੀਂ ਲਿਖਿਆ ਹੋਣਾ ਚਾਹੀਦਾ ਨਹੀਂ ਤੇ ਪ੍ਰਵਿਸ਼ਟੀ ਸ੍ਵੀਕ੍ਰਿਤ ਨਹੀਂ ਕੀਤੀ ਜਾਵੇਗੀ।</u>
10. ਲੇਖ ਉੱਤੇ ਕੋਟੇਸ਼ਨ ਆਦਿ ਦੇਣ ਸਮੇਂ ਸਤ੍ਰੋਤ ਦਾ ਉੱਲੇਖ ਕਰਨਾ ਜ਼ਰੂਰੀ ਹੋਵੇਗਾ।
11. ਤਿੰਨ ਵਰਿਆਂ ਤੱਕ ਲਗਾਤਾਰ ਇਨਾਮ ਪਾਣ ਵਾਲੇ ਵਯਕਤੀ ਨੂੰ ਚੌਥੇ ਸਾਲ ਇਨਾਮ ਨਾ ਦੇਕੇ ਇੱਕ ਉੱਤਮਤਾ ਪ੍ਰਮਾਣ ਪੱਤਰ ਦਿੱਤਾ ਜਾਵੇਗਾ। ਪੰਜਵੇ ਵਰ੍ਹੇ ਤੋਂ ਓਹ ਮੁਕਾਬਲੇ ਵਿੱਚ ਸਮਾਨ ਰੂਪ ਤੋਂ ਇਨਾਮ ਪਾਣ ਦਾ ਹਕਦਾਰ ਹੋਵੇਗਾ।
12. ਮੁਕਾਬਲੇ ਦੇ ਸੰਬੰਧ ਵਿੱਚ ਭਾਰਤੀ ਰਿਜ਼ਰਵ ਬੈਂਕ ਦਾ ਨਿਰਣਾ ਅੰਤਿਮ ਅਤੇ ਸਹਭਾਗੀਆਂ ਲਈ ਬਾਧਕਾਰੀ ਹੋਵੇਗਾ।

**13.** ਲੇਖ ਭੇਜਣ ਦੀ ਆਖਰੀ ਤਰੀਖ 30 ਨਵੰਬਰ 2016 (ਬੁਧਵਾਰ) ਹੈ।

14. ਮੁਕਾਬਲੇ ਵਿੱਚ ਭਾਗ ਲੈਣ ਵਾਲੇ ਅਫਸਰ/ ਕਰਮਚਾਰੀ ਆਪਣੇ ਲੇਖ ਸੰਬੰਧਤ ਸ਼ਾਖਾ/ ਵਿਭਾਗ ਦੇ ਮੁੱਖ ਅਫਸਰ ਦੇ ਪ੍ਰਮਾਨਣ ਦੇ ਨਾਲ ਸਿਧੇ ਹੇਠ ਲਿਖੇ ਪਤੇ ਉੱਤੇ ਭੇਜਣ :

ਮਹਾਪ੍ਰਬੰਧਕ
ਭਾਰਤੀ ਰਿਜ਼ਰਵ ਬੈਂਕ
ਰਾਜਭਾਸ਼ਾ ਵਿਭਾਗ, ਕੇਂਦਰੀ ਦਫਤਰ
ਸੀ-9, ਦੂਜੀ ਮੰਜ਼ਿਲ, ਬਾਂਦਰਾ ਕੁਰਲਾ ਸੰਕੁਲ,
ਬਾਂਦਰਾ (ਪੂਰਬ), ਮੁੰਬਈ - ਸ400 051

15. ਮੁਕਾਬਲੇ ਦੇ ਜੇਤੂਆਂ ਨੂੰ ਰਿਜ਼ਰਵ ਬੈਂਕ ਦੇ ਵਾਰਸ਼ਕ ਰਾਜਭਾਸ਼ਾ ਇਨਾਮ ਵਿਤਰਣ ਫੰਕਸ਼ਨ ਦੇ ਮੌਕੇ ਤੇ ਪੁਰਸਕਰਿਤ ਕੀਤਾ ਜਾਵੇਗਾ ਅਤੇ ਫੰਕਸ਼ਨ ਵਿੱਚ ਸ਼ਾਮਿਲ ਹੋਣ ਵਾਲੇ ਜੇਤੂਆਂ ਨੂੰ ਸੰਬੰਧਤ ਬੈਂਕ ਡਯੂਟੀ ਤੇ ਮੰਨੇਗਾ।

16. ਪੁਰਸਕਰਿਤ ਲੇਖਾਂ ਉੱਤੇ ਭਾਰਤੀ ਰਿਜ਼ਰਵ ਬੈਂਕ ਦਾ ਕਾਪੀਰਾਈਟ ਹੋਵੇਗਾ। ਇਨਾਮ ਜੇਤੂ ਲੇਖ ਨੂੰ ਕਿਤੇ ਹੋਰ ਨਹੀਂ ਛਪਵਾਊਗਾ।

.............................................................................................................................

ਅਨੁਬੰਧ 'ਖ਼'

ਪ੍ਰਮਾਣ ਪੱਤਰ ਦਾ ਨਮੂਨਾ

ਮੈਂ ............................................................................ਇਹ ਪ੍ਰਮਾਣਿਤ ਕਰਦਾ/ ਕਰਦੀ ਹਾਂ ਕਿ

(ਪੂਰਾ ਨਾਂ)

ਮੈਂ ..............................................................................................................................

................................................................................................................ ਵਿੱਚ (ਬੈਂਕ ਅਤੇ ਸ਼ਾਖਾ ਦਾ ਨਾਂ ਅਤੇ ਪਿਨ ਕੋਡ ਨਾਲ ਪੂਰਾ ਪਤਾ)* ਪਿਛਲੇ .......... ਵਰਿਆਂ ਤੋਂ ................................ ਦੇ ਅਹੁਦੇ ਤੇ ਕੰਮ ਕਰ ਰਿਹਾ/ ਰਹੀ ਹਾਂ ਅਤੇ ਮੇਰੀ ਮਾਤ੍ਰਭਾਸ਼ਾ ............................................ ਹੈ।

ਭਾਰਤੀ ਰਿਜ਼ਰਵ ਬੈਂਕ ਵਲੋਂ ਆਯੋਜਤ ਅੰਤਰ-ਬੈਂਕ ਹਿੰਦੀ ਲੇਖ ਮੁਕਾਬਲਾ 2016-17 ਦੇ ਲਈ ਭੇਜੇ ਜਾਣ ਵਾਲਾ ਮੇਰਾ ਲੇਖ ਬੁਨਿਆਦੀ ਹੈ ਅਤੇ ਹੋਰ ਇਨਾਮ ਜਾਂ ਪ੍ਰਕਾਸ਼ਨ ਵਾਸਤੇ ਨਹੀਂ ਭੇਜਿਆ ਗਿਆ ਹੈ।

ਦਸਤਖਤ : ..................................

ਜਗ੍ਹਾ : ..................................

ਤਰੀਖ਼ : ..................................

| | |
|---|---|
| ਅੰਗਰੇਜ਼ੀ ਵਿੱਚ ਨਾਂ | |
| ਟੇਲੀਫ਼ੋਨ/ ਮੋਬਾਇਲ ਨੰਬਰ | |
| ਦਫਤਰ ਦਾ ਫੋਨ ਨੰਬਰ/ ਫੈਕਸ ਨੰਬਰ | |
| ਈ-ਮੇਲ ਪਤਾ | |

* ਲੇਖ ਮੁਕਾਬਲੇ ਦੇ ਨਤੀਜੇ ਦਾ ਐਲਾਨ ਹੋਣ ਦੇ ਬਾਅਦ ਜੇਕਰ ਪੁਰਸਕਰਿਤ ਸਹਭਾਗੀ ਦੇ ਡਾਕ ਪਤੇ ਵਿੱਚ ਬਦਲਾਅ ਹੁੰਦਾ ਹੈ ਤਾਂ ਕਿਰਪਾ ਕਰਕੇ ਸਾਨੂੰ rajbhashaco@rbi.org.in ਤੇ ਸੂਚਿਤ ਕਰੋ।

---

ਸ਼੍ਰੀ/ ਸੁਸ਼੍ਰੀ/ ਸ਼੍ਰੀਮਤੀ ........................................................................ ਸਾਡੇ ਬੈਂਕ ਦਾ/ ਦੀ

(ਪੂਰਾ ਨਾਂ)

ਕਰਮਚਾਰੀ ਹੈ।

ਪ੍ਰਮਾਣਤ ਕਰਨ ਵਾਲੇ ਬੈਂਕ ਅਧਿਕਾਰੀ ਦੇ ਦਸਤਖਤ: ..............................................

ਅਫਸਰ ਦਾ ਪੂਰਾ ਨਾਂ ..............................................

ਤਰੀਖ਼ ...............................................

ਫੈਕਸ ਨੰਬਰ ...............................................

ਟੈਲੀਫ਼ੋਨ ਨੰਬਰ ...............................................

ਬੈਂਕ ਦੀ ਮੋਹਰ